
FARM AND SPICE
FARM AND SPICE
Weekly Special
JULY 12-18
Colorful Rakhis Available
ਹਰੇ ਪਿਆਜ
Green Onion
each
$0.69
ਨਿੰਬੂ (ਹਰੇ/ਪੀਲੇ)
Limes/Lemon
2 For
$0.99
ਗਾਜਰ
Carrot Snaptop
per lb
$0.99
ਪੇਠਾ ਕੱਦੂ
Petha Kadu
per lb
$0.99
ਪਾਲਕ
Spinach
each
$1.49
ਸੇਬ
Apples
Ambrosia/Cosmic Crisp - per lb
$1.49
ਟੀਂਡਾ
Tinda
per lb
$1.49
ਸੈਲਰੀ
Celery
each
$1.99
ਰੂਹਅਫਜ਼ਾ
Roohafza
Pakistani (800ml) each
$3.99
ਪਨੀਰ
Savera
Paneer(341g) each
$4.99
ਨਾਰੀਅਲ ਪਾਣੀ
Bestropic
Coconut Water (1Ltr) 2 for
$7.00
ਪਾਣੀ ਪੁਰੀ
Haldiram
Panipuri (240g) each
$5.99
ਜੂਸ
ITN Juices
Assorted (3Ltr) each
$6.99
ਭੂਰੀ ਖੰਡ
Tiger
Brown Sugar (8Lb) each
$8.99
ਰੋਇਲ ਚਾਵਲ
Royal
Basmati Rice (10Lb) each
$13.99
ਦੇਸੀ ਘਿਓ
Savera
Desi Ghee (3.5Lb) each
$26.99
*while supply last
Open 7 Days a Week
8:30 am to 9:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਭਾਈ ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕ ਸਮਾਗਮ ਦੌਰਾਨ ਹੋਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ:ਸਿੱਖ ਅਟਾਰਨੀ ਜਸਪ੍ਰੀਤ ਸਿੰਘ



ਨਿਊਯਾਰਕ- ਪ੍ਰਸਿੱਧ ਅਮਰੀਕੀ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਕਿਸ ਪ੍ਰਕਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕ ਸਮਾਗਮ ਦੌਰਾਨ ਮਨੁੱਖੀ ਅਧਿਕਾਰਾਂਦੀ ਉਲੰਘਣਾ ਕੀਤੀ ਗਈ। ਅਤੇ ਇਹ ਸਮਾਗਮ ਜੋ ਬੀਤੀ 5 ਜੂਨ 2024 ਨੂੰ ਹੋਇਆ ਸੀ।ਇਸ ਸੰਬੰਧੀ ਜਸਪ੍ਰੀਤ ਸਿੰਘ ਅਟਾਰਨੀ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਉਣ ਲਈ ਭਾਰਤ ਸਰਕਾਰ ਦਾ ਅਤੇ ਸਪੀਕਰ ਸਾਹਿਬ ਦਾ ਧੰਨਵਾਦ ਕੀਤਾ ਪਰ ਨਾਲ ਹੀ, ਜਿਸ ਤਰੀਕੇ ਨਾਲ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿੱਚੋਂ ਲਿਆਂਦਾ। ਅਤੇ ਲਿਜਾਇਆ ਗਿਆ ਉਸ ਦੀ ਉਹਨਾਂ ਨੇ ਘੋਰ ਨਿੰਦਾ ਵੀ ਕੀਤੀ। ਭਾਈ ਅੰਮ੍ਰਿਤਪਾਲ ਸਿੰਘ ਨੂੰ ਪਾਰਲੀਮੈਂਟ ਹਾਊਸ ਵਿੱਚ ਕਿਸੇ ਮਿਲੀਟੈਂਟ ਜਾਂ ਗੈਂਗਸਟਰ ਵਾਂਗ ਲਿਆਂਦਾ ਗਿਆ, ਉਹਨਾਂ ਦੀ ਪੈਰੋਲ ਚਾਰ ਦਿਨਾਂ ਦੀ ਸੀ ਪਰ ਉਹਨਾਂ ਨੂੰ ਇੱਕ ਦਿਨ ਵਿੱਚ ਹੀ ਲਿਆ ਕੇ ਸਹੁੰ ਚੁਕਾਉਣ ਤੋਂ ਬਾਅਦ ਤੁਰੰਤ ਵਾਪਿਸ ਜੇਲ੍ਹ ਲਿਜਾਇਆ ਗਿਆ। ਨਾ ਹੀ ਭਾਈ ਸਹਿਬ ਨੂੰ ਉੱਥੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਹੀ ਤਰੀਕੇ ਨਾ ਮਿਲਣ ਦਿੱਤਾ ਗਿਆ। ਉਸ ਮੌਕੇ ਮੌਜੂਦ ਮੈਂਬਰ ਪਾਰਲੀਮੈਂਟ ਸਰਦਾਰ ਸਰਬਜੀਤ ਸਿੰਘ ਖਾਲਸਾ ਨਾਲ ਵੀ ਭਾਈ ਸਾਹਿਬ ਨੂੰ ਨਹੀਂ ਮਿਲਣ ਦਿੱਤਾ ਗਿਆ।ਜਸਪ੍ਰੀਤ ਸਿੰਘ ਅਟਾਰਨੀ ਨੇ ਭਾਈ ਸਾਹਿਬ ਨਾਲ ਕੀਤੇ ਗਏ ਅਜਿਹੇ ਵਿਵਹਾਰ ਦੀ ਅਟਾਰਨੀ ਨੇ ਘੋਰ ਨਿੰਦਾ ਵੀ ਕੀਤੀ।ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸੰਬੰਧੀ ਉਹਨਾਂ ਦੀ ਅਮਰੀਕਾ ਦੇ ਕਈ ਲੀਡਰਾਂ ਨਾਲ ਗੱਲਬਾਤ ਹੋਈ ਹੈ। ਇਹਨਾਂ ਲੀਡਰਾਂ ਵਿੱਚ ਉਪ-ਰਾਸ਼ਟਰਪਤੀ ਕਮਲਾ ਹੈਰਿਸ, ਕਾਂਗਰਸਮੈਨ ਰੋ ਖੰਨਾ, ਕਾਂਗਰਸਮੈਨ ਬ੍ਰਾਂਡ ਸ਼ਰਮਨ,ਕੋਰੀ ਬੁੱਕਰ, ਐਲੈਕਸ ਪਡੀਲਾ, ਐਡਮ ਸ਼ਿਫ ਅਤੇ ਹੋਰ ਕਈ ਨਾਮ ਸ਼ਾਮਿਲ ਹਨ।ਇਹਨਾਂ ਲੀਡਰਾਂ ਨੇ ਵੀ ਭਾਈ ਸਾਹਿਬ ਨਾਲ ਅਜਿਹੇ ਵਿਵਹਾਰ ਬਾਰੇ ਪਤਾ ਲੱਗਣ ਤੇ ਇਸ ਸੰਬੰਧੀ ਇਤਰਾਜ਼ ਜਤਾਇਆ ਹੈ। ਉਹਨਾਂ ਕਿਹਾ ਕਿ ਇੰਟਰਨੈਸ਼ਨਲ ਪੱਧਰ ਤੇ ਇਸ ਮਾਮਲੇ ਬਾਰੇ ਚਰਚਾ ਕੀਤੀ ਜਾਵੇਗੀ ਅਤੇ ਯੋਗ ਕਦਮ ਚੁੱਕੇ ਜਾਣਗੇ।ਜਸਪ੍ਰੀਤ ਸਿੰਘ ਅਟਾਰਨੀ ਨੇ ਇੱਕ ਮੈਂਬਰ ਪਾਰਲੀਮੈਂਟ ਅਤੇ ਦੇਸ਼ ਦੇ ਨਾਗਰਿਕ ਨਾਲ ਅਜਿਹਾ ਵਤੀਰਾ ਕਰਨ ਤੇ ਬਹੁਤ ਦੁੱਖ ਪ੍ਰਗਟਾਇਆ।

# ਜੂਨ 84 ਦੇ ਘੱਲੂਘਾਰੇ ਸਬੰਧੀ ਜਸ਼ਨ ਮਨਾਉਣ ਕਰਕੇ ਹੋਇਆ ਸ਼ਿਵ ਸੈਨਾ ਲੀਡਰ ‘ਤੇ ਹਮਲਾ:ਸਾਹਨੀ



ਲੁਧਿਆਣਾ:-ਸ਼ਿਵ ਸੈਨਾ ਲੀਡਰ ਸੰਦੀਪ ਥਾਪਰ ਤੇ ਹਮਲੇ ਦਾ ਮਾਮਲਾ ਗਰਮਾਇਆ ਹੋਇਆ ਹੈ। ਬੀਜੇਪੀ ਇਸ ਮੁੱਦੇ ਉੱਪਰ ਸੱਤਾਧਿਰ ਆਮ ਆਦਮੀ ਪਾਰਟੀ ਨੂੰ ਘੇਰ ਰਹੀ ਹੈ ਪਰ ‘ਆਪ’ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਹੈ ਕਿ ਸ਼ਿਵ ਸੈਨਾ ਆਗੂ ਨੂੰ ਜਨ 84 ਘੱਲੂਘਾਰੇ ਦੇ ਮਨਾਉਂਦੇ ਸਮੇਂ ਜਸ਼ਨ ਸੰਜਮ ਵਰਤਣਾ ਚਾਹੀਦਾ ਸੀ।ਵਿਕਰਮਜੀਤ ਸਾਹਨੀ ਨੇ ਸੰਦੀਪ ਥਾਪਰ ‘ਤੇ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਸ਼ਿਵ ਸੈਨਾ ਆਗੂ ਨੂੰ ਜੂਨ 84 ਘੱਲੂਘਾਰੇ ਦਾ ਜਸ਼ਨ ਮਨਾਉਂਦੇ ਸਮੇਂ ਸੰਜਮ ਵਰਤਣਾ ਚਾਹੀਦਾ ਸੀ।ਆਪ ਸੰਸਦ ਮੈਂਬਰ ਨੇ ਕਿਹਾ ਕਿ ਅਸੀਂ ਕਿਸੇ ਵੀ ਵਿਅਕਤੀ ਖ਼ਿਲਾਫ਼ ਹਿੰਸਾ ਦੀ ਸਖ਼ਤ ਨਿੰਦਾ ਕਰਦੇ ਹਾਂ, ਪਰ ਸੰਦੀਪ ਥਾਪਰ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ ਸੀ ਤੇ ਸੰਜਮ ਵਰਤਣਾ ਚਾਹੀਦਾ ਸੀ।ਉਨ੍ਹਾਂ ਨੇ ਅੱਗ ਕਿਹਾ ਕਿ 6 ਜੂਨ ਨੂੰ ਬਲੂਸਟਾਰ ਮਨਾਉਣਾ ਤੇ ਲੱਡੂ ਵੰਡਣਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ।ਉਸ ਨੇ ਪਿਛਲੇ ਸਾਲ ਜਦੋਂ ਪਰਾ ਸੂਬਾ ਹੜ੍ਹਾਂ ਦੀ ਮਾਰ ਝੱਲ ਰਿਹਾ ਸੀ ਤਾਂ ਉਸ ਨੇ ਪੰਜਾਬ ਦੀ ਤਬਾਹੀ ਦਾ ਮਜ਼ਾਕ ਉਡਾਇਆ ਸੀ।ਇਸ ਕਰਕੇ ਨਫਰਤ ਫੈਲਾਉਣ ਵਾਲ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਫਿਰਕ ਸਦਭਾਵਨਾ ਨੂੰ ਹਰ ਕੀਮਤ ‘ਤੇ ਕਾਇਮ ਰੱਖਿਆ ਜਾਣਾ ਚਾਹੀਦਾ ਹੈ।ਦਰਅਸਲ ਲੁਧਿਆਣਾ ਵਿੱਚ ਸ਼ਿਵ ਸੈਨਾ (ਪੰਜਾਬ) ਦੇ ਆਗੂ ਸੰਦੀਪ ਥਾਪਰ ‘ਤੇ ਨਿਹੰਗਾਂ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਸੂਬੇ ਵਿੱਚ ਸਿਆਸੀ ਜੰਗ ਛਿੜ ਗਈ ਹੈ ਤੇ ਵਿਰੋਧੀ ਪਾਰਟੀਆਂ ਵੱਲੋਂ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ‘ਆਪ’ ਸਰਕਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਮਾਮਲੇ ‘ਤੇ ਮੁੱਖ ਮੰਤਰੀ ਤੋਂ ਅਸਤੀਫਾ ਮੰਗਿਆ ਜਾ ਰਿਹਾ ਹੈ।ਬਾਕੀ ਕਿਸੇ ਵੀ ਪਾਰਟੀ ਨੇ ਸ਼ਿਵ ਸੈਨਾ ਆਗੂ ਥਾਪਰ ਦੀ ਵੱਲੋਂ ਕੀਤੀ ਸਿੱਖੀ ਦੀ ਵਿਰੋਧਤਾ ਦਾ ਜ਼ਿਕਰ ਨਹੀਂ ਕੀਤਾ ਗਿਆ।ਸਿਰਫ ਉਸ ਉੱਪਰ ਹੋਏ ਹਮਲੇ ਦੀ ਨਖੇਧੀ ਹੀ ਕੀਤੀ ਹੈ।

# ਸਹੁੰ ਚੁੱਕਣ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ‘ਤੇ ਲਗਾਈਆਂ ਪਾਬੰਦੀਆਂ ਲੋਕਤੰਤਰ ਦਾ ਘਾਣ:ਸਿੰਘ ਸਾਹਿਬ



ਅੰਮ੍ਰਿਤਸਰ:-ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁਕਾਏ ਜਾਣ ਦੌਰਾਨ ਉਸ ਉੱਪਰ ਲਗਾਈਆਂ ਗਈਆਂ ਸਖਤ ਪਾਬੰਦੀਆਂ ਦੀ ਸਖਤ ਨਿੰਦਾ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਸੰਸਦ ਵਿੱਚ ਇੱਕ ਪਾਸੇ ਹਿੰਦੂ ਰਾਜ ਦੇ ਨਾਅਰੇ ਲਗਾਉਣ ਵਾਲਿਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਦੇਸ਼ ਦੀ ਘੱਟ ਗਿਣਤੀ ਸਿੱਖ ਕੌਮ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਬੰਦ ਗੱਡੀਆਂ ਵਿੱਚ ਲਿਆ ਕੇ ਬੰਦ ਕਮਰਿਆਂ ਵਿੱਚ ਸਹੁੰਆਂ ਚੁਕਾਈਆਂ ਜਾ ਰਹੀਆਂ ਹਨ ਉਨ੍ਹਾਂ ਨੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਿਕ ਮੈਂਬਰਾਂ ਨਾਲ ਮੁਲਾਕਾਤ ਵੀ ਕੀਤੀ। ਇਸ ਦੌਰਾਨ ਸਿੰਘ ਸਾਹਿਬ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਇਹੋ ਹੀ ਕਹਿਣਾ ਚਾਹੁੰਦੇ ਹਾਂ ਕਿ ਸਿੱਖਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ ਪਰ ਹੋ ਬਾਕੀ ਸਟੇਟਾਂ ਲਈ ਹੋਰ ਨਿਯਮ ਹੈ, ਪੰਜਾਬ ਲਈ ਹੋਰ ਨਿਯਮ ਹੈ। ਬਾਕੀ ਸਟੇਟਾਂ ਦੇ ਵਿੱਚ ਐਨ.ਐਸ.ਏ. ਇੱਕ ਸਾਲ ਦੀ ਹੈ, ਪੰਜਾਬ ਦੇ ਵਿੱਚ ਦੋ ਸਾਲ ਦੀ ਹੈ ਬਿਨਾਂ ਵਜ੍ਹਾ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਦੇ ਵਿੱਚ ਰੱਖਣਾ, ਇਹ ਗੈਰ-ਵਾਜਬ ਹੈ, ਇਹ ਨਹੀਂ ਹੋਣਾ ਚਾਹੀਦਾ । ਅੱਗੇ ਬੋਲਦੇ ਹੋਏ ਉਨ੍ਹਾਂ ਨੇ ਕਿਹਾ ਕਿ ਜੋ ਇਸ ਸਮੇਂ ਪੰਜਾਬ ਦੇ ਹਾਲਾਤ ਚੱਲ ਰਹੇ ਹਨ ਬਹੁਤ ਖਰਾਬ ਹਨ। ਨਸ਼ਾ ਵੱਧ ਰਿਹਾ ਹੈ।

ਦਲ ਖਾਲਸਾ ਦੇ ਸਰਪ੍ਰਸਤ ਭਾਈ ਗਜਿੰਦਰ ਸਿੰਘ ਦੇ ਅਕਾਲ ਚਲਾਨੇ ‘ਤੇ ਵੀ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਸ.ਗਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਨਾਲ ਸਿੱਖ ਪੰਥ ਨੂੰ ਵੱਡਾ ਘਾਟਾ ਪਿਆ ਹੈ ਭਾਈ ਗਜਿੰਦਰ ਸਿੰਘ ਬੜੀ ਵੱਡੀ ਸ਼ਖਸੀਅਤ ਸਨ। ਗਜਿੰਦਰ ਸਿੰਘ ਜੀ ਦੀ ਕੌਮ ਨੂੰ ਵੱਡੀ ਦੇਣ ਹੈ। ਉਨਾ ਇਹ ਵੀ ਕਿਹਾ ਕਿ ਬ੍ਰਿਟੇਨ ਵਿੱਚ ਪੰਜਾਬੀ ਸੰਸਦ ਮੈਂਬਰਾਂ ਦੀ ਜਿੱਤ ਨਾਲ ਭਾਈਚਾਰੇ ਦਾ ਮਾਣ ਵਧਿਆ ਹੈ।











# ਕੁਲਵਿੰਦਰ ਕੌਰ ਨੇ ਕੰਗਣਾ ਰਣੌਤ ਨੂੰ ਸਾਡੇ ਭਾਈਚਾਰੇ ਪ੍ਰਤੀ ਦਿਖਾਏ ਗਏ ਨਿਰਾਦਰ ਦਾ ਲਚਕੀਲੇਪਣ ਨਾਲ ਦਿੱਤਾ ਜਵਾਬ:ਅੰਮ੍ਰਿਤਪਾਲ ਸਿੰਘ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਖਡੂਰ ਸਾਹਿਬ, ਪੰਜਾਬ ਤੋਂ ਆਜ਼ਾਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਸੀਆਈਏਸਐਫ ਦੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਬਾਰੇ ਬਿਆਨ ਜਾਰੀ ਕੀਤਾ ਹੈ, ਜਿਸ ਨੇ ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਚੁਣੀ ਗਈ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਚੰਡੀਗੜ੍ਹ ਹਵਾਈ ਅੱਡੇ 'ਤੇ ਥੱਪੜ ਮਾਰਿਆ ਸੀ। ਅੰਮ੍ਰਿਤਪਾਲ ਸਿੰਘ ਨੇ ਕੁਲਵਿੰਦਰ ਕੌਰ ਦਾ ਸਮਰਥਨ ਕੀਤਾ ਹੈ ਅਤੇ ਕੰਗਣਾ ਨੂੰ ਥੱਪੜ ਮਾਰਨ ਲਈ ਉਸ ਨੂੰ ਬਹਾਦਰ ਦੱਸਿਆ ਹੈ। ਅੰਮ੍ਰਿਤਪਾਲ ਸਿੰਘ ਨੇ ਐਕਸ 'ਤੇ ਇਕ ਪੋਸਟ ਪਾਈ ਹੈ, ਜਿਸ 'ਚ ਉਨ੍ਹਾਂ ਨੇ ਲੇਡੀ ਕਾਂਸਟੇਬਲ ਕੁਲਵਿੰਦਰ ਕੌਰ ਦੀ ਤਾਰੀਫ ਕੀਤੀ ਹੈ।

ਜ਼ਿਕਰਯੋਗ ਹੈ ਕਿ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਨੇ 3 ਦਿਨ ਪਹਿਲਾਂ ਹੀ ਦਿੱਲੀ ਵਿੱਚ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ ਸੀ। ਇਸ ਦੇ ਨਾਲ ਹੀ ਥੱਪੜ ਮਾਰਨ ਦੀ ਘਟਨਾ ਤੋਂ ਬਾਅਦ ਸੀਆਈਐਸਐਫ ਨੇ ਮਹਿਲਾ ਸਿਪਾਹੀ ਕੁਲਵਿੰਦਰ ਕੌਰ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਉਸ ਖ਼ਿਲਾਫ਼ ਜਾਂਚ ਜਾਰੀ ਹੈ। ਹਾਲ ਹੀ ਵਿੱਚ ਕੁਲਵਿੰਦਰ ਕੌਰ ਦੀ ਚੰਡੀਗੜ੍ਹ ਤੋਂ ਬੰਗਲੌਰ ਬਦਲੀ ਹੋਈ ਹੈ।

ਅੰਮ੍ਰਿਤਪਾਲ ਨੇ ਐਕਸ 'ਤੇ ਪੋਸਟ ਕਰਦੇ ਹੋਏ ਲਿਖਿਆ ਕਿ ਅਸੀਂ ਆਪਣੀ ਭੈਣ ਕੁਲਵਿੰਦਰ ਕੌਰ ਨਾਲ ਇਕਮੁੱਠ ਹਾਂ। ਕੁਲਵਿੰਦਰ ਦੀ ਹਿੰਮਤ ਪੰਜਾਬ ਦੀਆਂ ਧੀਆਂ ਦੀ ਤਾਕਤ ਦੀ ਮਿਸਾਲ ਹੈ। ਕੰਗਨਾ ਰਣੌਤ ਨੇ ਸਿੱਖ ਕੌਮ, ਸਾਡੇ ਕਿਸਾਨਾਂ ਅਤੇ ਪੰਜਾਬ ਦੀਆਂ ਮਾਵਾਂ ਨੂੰ ਵਾਰ-ਵਾਰ ਤੰਗ-ਪ੍ਰੇਸ਼ਾਨ ਕੀਤਾ ਹੈ ਅਤੇ ਉਨ੍ਹਾਂ ਦਾ ਅਪਮਾਨ ਕੀਤਾ ਹੈ।

ਕੁਲਵਿੰਦਰ ਕੌਰ ਨੇ ਸਾਡੇ ਭਾਈਚਾਰੇ ਪ੍ਰਤੀ ਦਿਖਾਏ ਗਏ ਨਿਰਾਦਰ ਦਾ ਲਚਕੀਲੇਪਣ ਨਾਲ ਜਵਾਬ ਦਿੱਤਾ ਹੈ।

## (ਮੁੱਖ ਪੰਨੇ ਦੀ ਬਾਕੀ)

ਹੋਏ। ਦੂਜੀ ਰਿਸਪੌਂਡੈਂਟ ਧਿਰ ਵੱਲੋਂ ਸੁਸਾਇਟੀ ਦੇ ਵਕੀਲ G. S Badh, I.J . Mackaff ਅਤੇ L Jung ਪੇਸ਼ ਹੋਏ। ਸੰਸਥਾ ਦੇ ਦੋਵੇਂ ਧਿਰਾਂ ਦੇ ਮੈਬਰਾਂ ਨਾਲ ਖਚਾ ਖਚਾ ਭਰੇ ਹਾਲ ਵਿੱਚ ਦੋਵੇਂ ਹੀ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਨੂੰ ਮਾਨ ਯੋਗ ਜਜ ਸਾਹਿਬਾਨ ਵਲੋਂ ਬਹੁਤ ਹੀ ਧਿਆਨ ਨਾਲ ਸੁਣਿਆ ਗਿਆ ਪਟੀਸ਼ਨਰ ਕਰਤਾਵਾਂ ਵਲੋਂ ਮਿਤੀ 17 ਦਸੰਬਰ 2023 ਨੂੰ ਬੁਲਾਈ ਗਈ ਸਪੈਸ਼ਲ ਜਨਰਲ ਮੀਟਿੰਗ SGM ਨੂੰ ਕੋਰਟ ਵਲੋਂ ਮੁਢੋਂ ਸੁਢੋਂ ਨਕਾਰ ਦਿੱਤਾ ਗਿਆ ਇਥੇ ਵਰਨਣਯੋਗ ਹੈ ਕਿ ਮੈਂਬਰ ਭਾਈ ਭਾਗ ਸਿੰਘ ਗਰੇਵਾਲ ਵੱਲੋਂ SGM ਵਿਚ ਹਾਜਰ ਮੈਂਬਰਾਂ ਸਬੰਧੀ ਦਿੱਤੇ ਹਲਫੀਆ ਬਿਆਨ ਜਿਸ ਵਿਚ SGM ਵਿਚ ਹਾਜਰ ਮੈਂਬਰਾਂ ਦੀ ਗਿਣਤੀ ਦਾ ਖੁਲਾਸਾ ਕੀਤਾ ਗਿਆ ਸੀ ਟ੍ਰਾਇਲ ਦੌਰਾਨ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ ਜਿਸ ਰਾਹੀਂ ਪਟੀਸ਼ਨਰ ਕਰਤਾਵਾਂ ਦੇ ਇਕ ਮੈਂਬਰ ਜੋ ਕੋਰਟ ਵਿਚ ਵਕੀਲ ਦੇ ਤੌਰ ਤੇ ਵੀ ਪੇਸ਼ ਹੁੰਦਾ ਰਿਹਾ ਦੇ ਝੂਠ ਦਾ ਪਰਦਾ ਫਾਸ਼ ਹੋਗਿਆ, ਯਾਦ ਰਹੇ ਫਰਵਰੀ 2023 ਵਿਚ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਕਮੇਟੀ ਬਣਾਉਣ ਲਈ ਸੰਸਥਾ ਦੇ ਮੈਬਰਾਂ ਪਾਸੋਂ ਅਰਜੀਆਂ ਲਈਆਂ ਗਈਆਂ ਸਨ ਪ੍ਰਬੰਧਕ ਕਮੇਟੀ ਦੇ ਉਪਰਲੇ ਪੰਜ ਅਹੁਦੇਦਾਰਾਂ ਵੱਲੋਂ ਇਹਨਾਂ ਅਰਜੀਆਂ ਦੀ ਪੜਚੋਲ ਕੀਤੀ ਗਈ ਜਿਸ ਦਾ ਜਿਕਰ ਮੁਕੱਦਮੇ ਦੇ ਟਰਾਇਲ ਦੁਰਾਨ ਬਹੁਤ ਹੀ ਅਸਰਦਾਰ ਅਤੇ ਪ੍ਰਭਾਵ ਸ਼ਾਲੀ ਸਾਬਤ ਹੋਇਆ, ਇਸੇ ਤਹਿਤ ਹੀ ਫਰਵਰੀ 2023 ਵਿਚ ਧਾਰਮਿਕ ਕਮੇਟੀ ਹੋਂਦ ਵਿੱਚ ਆਈ ਜਿਸ ਵਿਚ ਭਾਈ ਮਨਜੀਤ ਸਿੰਘ ਮਿਨਹਾਸ, ਕਰਨੈਲ ਸਿੰਘ ਟੂਟ, ਮਨਦੀਪ ਸਿੰਘ ਗਿੱਲ, ਤਿਰਲੋਚਨ ਸਿੰਘ ਸਿੱਧੂ ਅਤੇ ਹਰਮਿੰਦਰ ਸਿੰਘ ਟੋਨੀ ਦਾ ਨਾਮ ਪਰਚੀਆਂ ਰਾਹੀਂ ਬਕਾਇਦਾ ਮਿਸਟਰ ਕੈਮ ਗਰੇਵਾਲ ਵਕੀਲ ਦੀ ਹਾਜਰੀ ਵਿਚ ਕੀਤਾ ਗਿਆ ਅਤੇ ਇਹ ਪਰਚੀਆਂ ਸੁਸਾਇਟੀ ਦੇ ਬਾਈ ਲਾਅ ਅਨੁਸਾਰ ਭਾਈ ਬਲਵੀਰ ਸਿੰਘ ਬਨਵੈਤ ਪ੍ਰਧਾਨ KDSS ਰਾਹੀ ਪਾਰਦਰਸ਼ੀ ਬਰਤਨ ਵਿਚੋਂ ਕੱਢੀਆਂ ਗਈਆਂ ਸਨ ਨਵੀਂ ਚੁਣੀ ਗਈ RAC ਵੱਲੋਂ ਅਗਲੀ

**ਗੁ. ਕਲਗੀਧਰ ਦਰਬਾਰ ਵੱਲੋਂ ਜਰੂਰੀ ਨੋਟਿਸ ਸਫਾ ਏ21 ਤੇ ਪੜ੍ਹੋ**

ਪ੍ਰਬੰਧਕ ਕਮੇਟੀ ਬਣਾਉਣ ਲਈ ਕੰਮ ਅਰੰਭ ਹੀ ਕੀਤਾ ਸੀ ਜਦੋਂ ਪਟੀਸ਼ਨਰ ਕਰਤਾਵਾਂ ਨੇ ਕੋਰਟ ਵਿਚ ਅਰਜੀ ਦੇਕੇ ਨਵੀਂ ਬਣੀ RAC ਨੂੰ ਚੈਲੰਜ ਕਰ ਦਿੱਤਾ ਜਿਸ ਕਾਰਨ ਇਸ ਦੇ ਅਗਾਊਂ ਕੰਮ ਕਰਨ ਤੇ ਰੋਕ ਲਗਾਈ ਗਈ ਸੀ ਹੁਣ ਮਾਨਯੋਗ ਜੱਜ ਸਾਹਿਬਾਨ Mrs. Chan J ਦੇ ਫੈਸਲੇ ਅਨੁਸਾਰ ਪਟੀਸ਼ਨਰ ਕਰਤਾਵਾਂ ਦੀ ਪਟੀਸ਼ਨ ਰੱਦ ਕਰ ਦਿੱਤੀ ਗਈ ਅਤੇ ਮਿਤੀ 17 ਦਸੰਬਰ 2023 ਨੂੰ ਸਦੀ SGM ਵੀ null and void ਕਰ ਦਿੱਤੀ ਗਈ ਹੁਣ ਇਹ RAC ਅਪਣਾ ਅਗਲਾ ਕੰਮ ਸੁਰੂ ਕਰ ਦੇਵੇਗੀ ਅਤੇ ਕੋਰਟ ਦੇ ਹੁਕਮਾਂ ਅਨੁਸਾਰ 40 ਦਿਨਾਂ ਦੇ ਵਿਚ ਵਿਚ ਨਵੀ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਜਾਵੇਗੀ ਇਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਇਹਨਾਂ ਮੁਕੱਦਮਿਆਂ ਦੁਰਾਨ ਸੰਸਥਾ ਦਾ ਡੈਮਜ ਜਾਂ ਫਾਈਨੈਂਸਲੀ ਨੁਕਸਾਨ ਹੋਇਆ ਹੈ KDSS ਪਟੀਸ਼ਨਰ ਕਰਤਾਵਾਂ ਤੋਂ ਵਸੂਲਣ ਦਾ ਹੱਕਦਾਰ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE IMMIGRATION & SETTLEMENT LTD.

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ‘ਖਾਲਿਸਤਾਨ ਸਮਰੱਥਕ ਨਾ ਹੋਣ’ ਦੇ ਮਾਂ ਦੇ ਬਿਆਨ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹੜੀ ਸਾਖੀ ਦਾ ਹਵਾਲਾ ਦਿੱਤਾ

ਡਿਬਰੂਗੜ੍ਹ;-ਪੰਜਾਬ ਦੇ ਖਡੂਰ ਸਾਹਿਬ ਲੋਕ ਸਭਾ ਹਲਕੇ ਨਵੇਂ ਚੁਣੇ ਗਏ ਮੈਂਬਰ ਅਤੇ ਖਾਲਿਸਤਾਨ ਸਮਰਥਕ ਅਮ੍ਰਿਤਪਾਲ ਸਿੰਘ ਨੇ ਆਪਣੀ ਮਾਤਾ ਦੇ ਸੰਵਿਧਾਨ ਦੀ ਸਹੁੰ ਚੁੱਕਣ ਤੋਂ ਬਾਅਦ ‘’ਖਾਲਿਸਤਾਨ ਸਮਰਥਕ ਨਾ ਹੋਣ’’ ਦੇ ਦਿੱਤੇ ਬਿਆਨ ਉੱਤੇ ਸਪੱਸ਼ਟੀਕਰਨ ਦਿੱਤਾ ਹੈ।

ਅਮ੍ਰਿਤਪਾਲ ਸਿੰਘ ਕਰੀਬ ਤੋਂ ਸਾਲ ਤੋਂ ਵੱਧ ਸਮੇਂ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨੈਸ਼ਨਲ ਸਕਿਊਰਿਟੀ ਐਕਟ ਤਹਿਤ ਬੰਦ ਹਨ। ਉਨ੍ਹਾਂ ਨੂੰ 5 ਜੁਲਾਈ ਨੂੰ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਲਈ ਸ਼ਰਤਾਂ ਸਹਿਤ ਚਾਰ ਦਿਨਾਂ ਦੀ ਆਰਜ਼ੀ ਰਿਹਾਈ ਦਿੱਤੀ ਗਈ ਸੀ। ਜਿਸ ਤਹਿਤ ਉਹ ਦਿੱਲੀ ਆਏ ਹੋਏ ਸਨ ਅਤੇ ਅੰਮ੍ਰਿਤਸਰ ਦੇਹਾਤੀ ਪੁਲਿਸ ਦੇ ਸੁਰੱਖਿਆ ਘੇਰੇ ਵਿੱਚ ਰਹੇ। ਉਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਤੋ ਇਲਾਵਾ ਹੋਰ ਕਿਸੇ ਨੂੰ ਮਿਲਣ ਜਾਂ ਕੋਈ ਬਿਆਨਬਾਜ਼ੀ ਕਰਨ ਦੀ ਮਨਾਹੀ ਸੀ।

ਪਰ ਅਮ੍ਰਿਤਪਾਲ ਸਿੰਘ ਦੇ ਅਧਿਕਾਰਤ ਟਵਿੱਟਰ ਹੈਂਡਲ ਉੱਤੇ ਇੱਕ ਬਿਆਨ ਜਾਰੀ ਕਰਕੇ ਉਨ੍ਹਾਂ ਦੀ ਮਾਤਾ ਵਲੋਂ ਦਿੱਤੇ ਗਏ ਬਿਆਨ ਉੱਤੇ ਸਪੱਸ਼ਟੀਕਰਨ ਦਿੱਤਾ ਗਿਆ ਹੈ।

ਅਮ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੀ ਮਾਤਾ ਨੇ ਇਹ ਬਿਆਨ ਅਣਜਾਣੇ ਵਿੱਚ ਦਿੱਤਾ ਹੈ, ” ਜੋ ਕਿ ਉਨ੍ਹਾਂ ਦੇ ਪਰਿਵਾਰ ਜਾਂ ਕਿਸੇ ਵੀ ਹਮਾਇਤੀ ਵੱਲੋਂ ਨਹੀਂ ਆਉਣਾ ਚਾਹੀਦਾ ਸੀ।‘’ ਉਨ੍ਹਾਂ ਨੇ ਲਿਖਿਆ, “ਮਾਤਾ ਜੀ ਵੱਲੋਂ ਦਿੱਤੇ ਬਿਆਨ ਬਾਰੇ ਜਦੋਂ ਅੱਜ ਮੈਨੂੰ ਪਤਾ ਲੱਗਾ ਤਾਂ ਮੇਰਾ ਮਨ ਬਹੁਤ ਦੁਖੀ ਹੋਇਆ। ਬੇਸ਼ੱਕ ਮੈਨੂੰ ਇਹ ਯਕੀਨ ਹੈ ਕਿ ਮਾਤਾ ਜੀ ਵੱਲੋਂ ਇਹ ਬਿਆਨ ਅਣਜਾਣੇ ਵਿੱਚ ਦਿੱਤਾ ਗਿਆ,ਪਰ ਫਿਰ ਵੀ ਅਜਿਹਾ ਬਿਆਨ ਮੇਰੇ ਪਰਿਵਾਰ ਜਾਂ ਕਿਸੇ ਵੀ ਉਸ ਸ਼ਖਸ ਵੱਲੋਂ ਜੋ ਮੇਰੀ ਹਮਾਇਤ ਕਰਦਾ ਹੈ, ਉਸ ਵੱਲੋਂ ਨਹੀਂ ਆਉਣਾ ਚਾਹੀਦਾ।” ਉਨ੍ਹਾਂ ਨੇ ਲਿਖਿਆ, “ਖਾਲਸੇ ਰਾਜ ਦਾ ਸੁਪਨਾ ਵੇਖਣਾ ਕੋਈ ਗੁਨਾਹ ਨਹੀਂ ,ਸਗੋਂ ਮਾਣ ਵਾਲੀ ਗੱਲ ਹੈ। ਜਿਸ ਸੁਪਨੇ ਦੀ ਪੂਰਤੀ ਲਈ ਲੱਖਾਂ ਸਿੱਖਾਂ ਨੇ ਸ਼ਹੀਦੀ ਦਿੱਤੀ ਹੋਵੇ ,ਉਸ ਮਾਰਗ ਤੋਂ ਪਿੱਛੇ ਹਟ ਜਾਣ ਬਾਰੇ ਅਸੀਂ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੇ।

ਉਨ੍ਹਾਂ ਨੇ ਆਪਣੀ ਮਾਂ ਅਤੇ ਆਪਣੇ ਸੰਬੰਧ ਵਿੱਚ ਸਥਿਤੀ ਸਪੱਸ਼ਟ ਕਰਨ ਲਈ ਸਿੱਖ ਇਤਿਹਾਸ ਦੀ ਇੱਕ ਘਟਨਾ ਦਾ ਉਨ੍ਹਾਂ ਨੇ ਲਿਖਿਆ,“ਮੈਂ ਬਹੁਤ ਵਾਰ ਸਟੇਜਾਂ ਤੋਂ ਬੋਲਦਿਆਂ ਇਹ ਗੱਲ ਕਹੀ ਹੈ ਕਿ ਜੇ ਮੈਨੂੰ ਪੰਥ ਤੇ ਪਰਿਵਾਰ ਵਿੱਚੋਂ ਚੁਣਨਾ ਪਿਆ ਤਾਂ ਮੈਂ ਹਮੇਸ਼ਾ ਪੰਥ ਦੀ ਚੋਣ ਕਰਾਂਗਾ। ਇਸ ਗੱਲ ਤੇ ਇਤਿਹਾਸ ਦਾ ਉਹ ਵਾਕਿਆ ਬਹੁਤ ਢੁਕਵਾਂ ਬੈਠਦਾ ਹੈ ਜਿੱਥੇ ਬੰਦਾ ਸਿੰਘ ਬਹਾਦਰ ਦੇ ਨਾਲ ਦੇ ਸਿੰਘਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਇੱਕ 14 ਕੁ ਸਾਲ ਦੇ ਨੌਜਵਾਨ ਦੀ ਮਾਂ ਨੇ ਉਸ ਨੂੰ ਬਚਾਉਣ ਲਈ ਇਹ ਗੱਲ ਕਹਿ ਦਿੱਤੀ ਕਿ ਇਹ ਨੌਜਵਾਨ ਸਿੱਖ ਨਹੀਂ ਤਾਂ ਉਸ ਨੌਜਵਾਨ ਨੇ ਅੱਗੋਂ ਇਹ ਗੱਲ ਕਹੀ ਕਿ ਜੇ ਇਹ ਔਰਤ ਇਹ ਕਹਿੰਦੀ ਹੈ




ਕਿ ਮੈਂ ਗੁਰੂ ਦਾ ਸਿੱਖ ਨਹੀਂ ਤਾਂ ਮੈਂ ਇਹ ਗੱਲ ਬਿਆਨ ਕਰਦਾ ਹਾਂ ਕਿ ਇਹ ਮੇਰੀ ਮਾਂ ਨਹੀਂ।“ਉਹ ਲਿਖਦੇ ਹਨ, “ਬੇਸ਼ੱਕ ਇਹ ਉਦਾਹਰਨ ਇਸ ਘਟਨਾ ਵਾਸਤੇ ਬੇਹੱਦ ਸਖ਼ਤ ਹੈ ,ਪਰ ਸਿਧਾਂਤਕ ਪੱਖ਼ ਤੋਂ ਇਹ ਗੱਲ ਸਮਝਣ ਵਾਲੀ ਹੈ। ਮੈਂ ਆਪਣੇ ਪਰਿਵਾਰ ਨੂੰ ਇਸ ਗੱਲ ਦੀ ਤਾੜਨਾ ਕਰਦਾ ਹਾਂ ਕਦੇ ਵੀ ਸਿੱਖ ਰਾਜ ਉੱਤੇ ਸਮਝੌਤਾ ਕਰਨ ਬਾਰੇ ਸੋਚਣਾ ਵੀ ਗਵਾਰਾ ਨਹੀਂ ਹੈ ਕਹਿਣਾ ਤਾਂ ਦੂਰ ਦੀ ਗੱਲ ਹੈ ਅਤੇ ਅੱਗੇ ਤੋਂ ਸੰਗਤੀ ਰੂਪ ਵਿੱਚ ਵਿਚਰਦਿਆਂ ਬੋਲਦਿਆਂ ਅਜਿਹੀ ਕੁਤਾਹੀ ਨਹੀਂ ਹੋਣੀ ਚਾਹੀਦੀ।” ਚੇਤੇ ਰਹੇ ਅਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਸੀ, “ਅਮ੍ਰਿਤਪਾਲ ਸਿੰਘ ਵੱਲੋਂ ਸਹੁੰ ਚੁੱਕ ਲਏ ਜਾਣ ਉੱਤੇ ਖਡੂਰ ਸਾਹਿਬ ਦੇ ਲੋਕਾਂ ਅਤੇ ਹੋਰ ਸੰਗਤਾਂ ਨੂੰ ਖ਼ੁਸ਼ੀ ਹੈ।” ਅਮ੍ਰਿਤਪਾਲ ਸਿੰਘ ਦੇ ਖਾਲਿਸਤਾਨੀ ਸਮਰਥਕ ਹੋਣ ਬਾਰੇ ਮੀਡੀਆ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਬਲਵਿੰਦਰ ਕੌਰ ਨੇ ਕਿਹਾ, “ਕੋਈ ਕੁਝ ਵੀ ਕਹੇ ਉਹ ਕੋਈ ਖਾਲਿਸਤਾਨੀ ਸਰਮਰਥਕ ਨਹੀਂ ਹੈ, ਪੰਜਾਬ ਦੇ ਹੱਕਾਂ ਦੀ ਗੱਲ ਕਰਨ ਨਾਲ ਕੋਈ ਖਾਲਿਸਤਾਨੀ ਸਮਰਥਕ ਨਹੀਂ ਹੋ ਜਾਂਦਾ, ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਉਨ੍ਹਾਂ ਨੇ ਚੋਣ ਲੜੀ ਹੈ, ਸੰਵਿਧਾਨ ਦੀ ਸਹੁੰ ਚੁੱਕੀ ਹੈ ਤਾਂ ਅਜਿਹੀ ਕੋਈ ਗੱਲ ਨਹੀਂ ਕਰਨੀ ਚਾਹੀਦੀ।“ਇਸ ਮੌਕੇ ਬਲਵਿੰਦਰ ਕੌਰ ਨੇ ਕਿਹਾ ਕਿ ਲੋਕਾਂ ਨੇ ਅਮ੍ਰਿਤਪਾਲ ਸਿੰਘ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਜਿਤਾਇਆ ਹੈ ਇਸ ਲਈ ਅਮ੍ਰਿਤਪਾਲ ਸਿੰਘ ਨੂੰ ਲੋਕਾਂ ਨਾਲ ਮਿਲਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਅਮ੍ਰਿਤਪਾਲ ਸਿੰਘ ਨੂੰ ਸਰਕਾਰ ਵੱਲੋਂ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

## ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਾਈਕੋਰਟ ਤੋਂ ਮਿਲੀ ਰਾਹਤ

ਚੰਡੀਗੜ੍ਹ(ਰਾਜ ਕੁਮਾਰ ਵਰਮਾ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਦੱਸ ਦਈਏ ਕਿ ਐਸਆਈਟੀ ਨੇ ਅੱਜ ਐਨਡੀਪੀਐਸ ਕੇਸ ਵਿੱਚ ਐਸਆਈਟੀ ਵੱਲੋਂ ਭੇਜੇ ਸੰਮਨ ਨੂੰ ਵਾਪਸ ਲੈ ਲਿਆ ਹੈ। ਇਸ ਸਬੰਧੀ ਐਸਆਈਟੀ ਨੇ ਹਾਈਕੋਰਟ ਨੂੰ ਵੀ ਇਸ ਸਬੰਧੀ ਸੂਚਿਤ ਕਰ ਦਿੱਤਾ ਹੈ। ਦੱਸ ਦਈਏ ਕਿ ਐਸਆਈਟੀ ਨੇ ਐਨਡੀਪੀਐਸ ਕੇਸ ’ਚ ਮਜੀਠੀਆ ਨੂੰ ਜਾਂਚ ’ਚ ਸ਼ਾਮਲ ਹੋਣ ਲਈ ਸੰਮਨ ਭੇਜੇ ਸੀ। ਇਸ ਸੰਮਨ ਨੂੰ ਗੈਰ ਕਾਨੂੰਨੀ ਦੱਸਦੇ ਹੋਏ ਮਜੀਠੀਆ ਨੇ ਸੰਮਨ ਦੇ ਹੁਕਮਾਂ ਨੂੰ ਹਾਈਕੋਰਟ ’ਚ ਚੁਣੌਤੀ ਦਿੱਤੀ ਸੀ।


ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey




ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*9-10-11-12-13-14 ਜੁਲਾਈ ਨੂੰ ਸ੍ਰੀ ਮਾਨ ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲਿਆਂ ਵੱਲੋਂ ਹਰ ਰੋਜ ਸ਼ਾਮ 7 ਤੋਂ 8 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ।
*11 ਜੁਲਾਈ ਦਿਨ ਵੀਰਵਾਰ ਨੂੰ ਬੇਟੀ ਹਰਪ੍ਰੀਤ ਕੌਰ ਤੇ ਇਸ਼ਾਨ ਨਈਆ ਦੇ ਅਨੰਦਕਾਰਜ ਹੋਣਗੇ।
*12 ਜੁਲਾਈ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਨੰਦਕਾਰਜ ਹੋਣਗੇ।
*12 ਜੁਲਾਈ ਦਿਨ ਸ਼ੁੱਕਰਵਾਰ ਯੂਥ ਕੀਰਤਨੀ ਜਥਾ ਵੈਨਕੂਵਰ ਵੱਲੋਂ ਸ਼ਾਮ 6 ਤੋਂ 10.30 ਵਜੇ ਤੱਕ ਕੀਰਤਨ ਦਰਬਾਰ ਹੋਣਗੇ।
*12 ਜੁਲਾਈ ਦਿਨ ਸ਼ੁੱਕਰਵਾਰ ਸ. ਸੁਰਿੰਦਰ ਸਿੰਘ ਸੇਖੋਂ ਸਪੁੱਤਰ ਸ. ਗੁਰਮੀਤ ਸਿੰਘ ਸੇਖੋਂ ਵੱਲੋਂ ਸਵੇਰੇ 10 ਵਜੇ ਹਾਲ ਨੰ:2 ਵਿਚ ਅਖੰਡਪਾਠ ਸਾਹਿਬ ਪ੍ਰਕਾਸ਼ ਹੋਣਗੇ।
*14 ਜੁਲਾਈ ਦਿਨ ਐਤਵਾਰ ਸਵੇਰੇ 10 ਵਜੇ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਦੁਪਹਿਰ 12.30 ਵਜੇ ਤੱਕ ਦੀਵਾਨ ਸਜਣਗੇ। ਹਰ ਐਤਵਾਰ ਦੀ ਤਰ੍ਹਾਂ ਦੁਪਹਿਰ 1 ਵਜੇ ਤੋਂ 4 ਵਜੇ ਤੱਕ ਚੌਪਹਿਰਾ ਸਾਹਿਬ ਹੋਣਗੇ।
*14 ਜੁਲਾਈ ਦਿਨ ਐਤਵਾਰ ਸ਼ਾਮ 7 ਤੋਂ 8 ਵਜੇ ਤੱਕ ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲਿਆਂ ਦੇ ਦੀਵਾਨ ਸਮਾਪਤ ਹੋਣਗੇ।



ਚੌਪਹਿਰਾ ਸਾਹਿਬ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੋਣਗੇ।

ਰਾਗੀ ਜੱਥੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ
ਭਾਈ ਨਿਰਮਲਜੀਤ ਸਿੰਘ ਖਾਲਸਾ
ਫਿਰੋਜਪੁਰ ਵਾਲੇ

ਕਥਾਵਾਚਕ
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਭਾਈ ਰਾਜਪਾਲ ਸਿੰਘ ਜੀ ਬੋਪਾਰਾਏ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ

ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਭਾਰਤੀ ਮੂਲ ਦੇ ਧਾਰਮਿਕ ਪੁਜਾਰੀ ਖਿਲਾਫ ਬ੍ਰਿਟਿਸ਼ ਅਦਾਲਤ ‘ਚ ਜਿਨਸੀ ਸ਼ੋਸ਼ਣ ਦੇ ਮੁਕੱਦਮੇ ਦੀ ਸੁਣਵਾਈ ਸ਼ੁਰੂ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਧਾਰਮਿਕ ਪੁਜਾਰੀ ਰਾਜਿੰਦਰ ਕਾਲੀਆ ‘ਤੇ ਸ਼ੋਸ਼ਣ ਦੇ ਦੋਸ਼ਾਂ ਖਿਲਾਫ ਲੰਡਨ ਦੀ ਰਾਇਲ ਕੋਰਟ ਆਫ਼ ਜਸਟਿਸ ਵਿੱਚ ਜਸਟਿਸ ਮਾਰਟਿਨ ਸਪੈਂਸਰ ਸਾਹਮਣੇ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਹੈ, ਜਿਸ ਵਿਚ ਉਸ ‘ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਹਨ ਅਤੇ ਹਰਜਾਨੇ ਦੀ ਮੰਗ ਕੀਤੀ ਹੈ।ਔਰਤਾਂ ਨੇ ਦਾਅਵਾ ਕੀਤਾ ਹੈ ਕਿ ਉਹ ਉਸਦੀਆਂ ਪ੍ਰੈਰੋਕਾਰ ਸਨ। ਕਵੈਂਟਰੀ ਸ਼ਹਿਰ ਦੇ ਮੰਦਰ ਦਾ ਮੁੱਖ ਪੁਜਾਰੀ ਰਾਜਿੰਦਰ ਕਾਲੀਆ ਤੇ ਦੋਸ਼ ਹੈ ਕਿ ਉਹ ਖੁਦ ਨੂੰ ਰੱਬ ਦਾ ਅਵਤਾਰ ਦੱਸਦਿਆਂ ਨੌਜਵਾਨ ਲੜਕੀਆਂ ਦਾ ਸ਼ੋਸ਼ਣ ਕਰਦਾ ਸੀ। 68 ਸਾਲਾ ਕਾਲੀਆ ਖਿਲਾਫ ਚੱਲ ਰਹੇ ਮੁਕੱਦਮੇ ਵਿੱਚ 4 ਔਰਤਾਂ ਨੇ ਜਿਨਸੀ ਸ਼ੋਸ਼ਣ ਕਰਨ ਦਾ ਦਾਅਵਾ ਕੀਤਾ ਹੈ, ਜਦ ਕਿ ਤਿੰਨ ਹੋਰਾਂ ਨੇ ਆਰਥਿਕ ਸ਼ੋਸ਼ਣ ਦਾ ਦੋਸ਼ ਲਗਾਇਆ ਹੈ। ਇੱਕ ਕਥਿਤ ਪੀੜਤ ਦਾ ਦਾਅਵਾ ਹੈ ਕਿ ਦੋ ਦਹਾਕਿਆਂ ਵਿੱਚ 1320 ਤੋਂ ਵੱਧ ਵਾਰ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ ਅਤੇ ਇੱਕ ਹੋਰ ਨੇ ਕਿਹਾ ਕਿ ਉਸ ਨੂੰ ਇੱਕ ਬੱਚੇ ਦੇ ਰੂਪ ਵਿੱਚ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਉਹ ਆਪਣੀਆਂ ਸਕੂਲੀ ਪ੍ਰੀਖਿਆਵਾਂ ਵਿੱਚ ਅਸਫ਼ਲ ਰਹੀ। ਇੱਕ ਮਹਿਲਾ ਨੇ ਕਿਹਾ ਕਿ ਬ੍ਰਮਿੰਘਮ ਦੇ ਇੱਕ ਹੋਟਲ ਵਿੱਚ ਉਸ ਨਾਲ ਬਲਾਤਕਾਰ ਕੀਤਾ ਗਿਆ ਅਤੇ ਚੌਥੀ ਮਹਿਲਾ ਨੇ ਦਾਅਵਾ ਕੀਤਾ ਹੈ ਕਿ ਉਹ ਸਿਰਫ ਚਾਰ ਸਾਲ ਦੀ ਉਮਰ ਵਿੱਚ ਸੀ ਜਦੋਂ ਉਸ ਨੂੰ ਅਣਉੱਚਿੱਤ ਢੰਗ ਨਾਲ ਛੂਹਿਆ ਗਿਆ ਸੀ। ਤਿੰਨ ਹੋਰ ਦਾਅਵੇਦਾਰਾਂ ਨੇ ਵਿੱਤੀ ਨੁਕਸਾਨ ਹੋਣ ਦਾ ਦਾਅਵਾ ਕੀਤਾ ਹੈ। ਹਾਈਕੋਰਟ ਵਿੱਚ ਸੁਣਵਾਈ ਦੌਰਾਨ ਇਹ ਵੀ ਦੱਸਿਆ ਕਿ ਕਾਲੀਆ ਆਪਣੇ ਪੈਰੋਕਾਰਾਂ ਨੂੰ ਚਮਤਕਾਰ ਕਰਨ ਦਾ ਦਾਅਵਾ ਕਰਦਾ ਸੀ ਜਿਸ ਵਿੱਚ ਪਾਣੀ ਨੂੰ ਅੱਗ ਲਾਉਣਾ ਅਤੇ ਨਿੰਬੂ ‘ਚੋਂ ਖੂਨ ਨਿਚੋੜਨਾ ਸ਼ਾਮਿਲ ਸੀ।

ਬਾਬਾ ਬਾਲਕ ਨਾਥ ਜੀ ਸੁਸਾਇਟੀ ਆਫ ਕਵੈਂਟਰੀ ਦੇ ਮੁਖੀ ਰਾਜਿੰਦਰ ਕਾਲੀਆ ਜੋ ਹਿੰਦੂ ਧਰਮ ਦੇ ਸਿਧਾਂਤਾਂ ਦਾ ਦਾਅਵਾ ਕਰਦਾ ਹੈ।ਲੇਕਨ ਇੱਕ ਪੀੜਤਾ ਨੇ ਅਦਾਲਤ ਨੂੰ ਦੱਸਿਆ ਕਿ ਉਹ ਰੱਬ ਦਾ ਅਵਤਾਰ ਨਹੀਂ ਸਗੋਂ ਸ਼ੈਤਾਨ ਹੈ।ਕਾਲੀਆ ਦਾ ਜਨਮ ਪੰਜਾਬ, ਭਾਰਤ ਵਿੱਚ ਹੋਇਆ ਸੀ ਅਤੇ 1977 ਵਿੱਚ ਬਰਤਾਨੀਆ ਆਇਆ ਸੀ। 1983 ਵਿਚ ਘਰ-ਘਰ ਉਪਦੇਸ਼ ਦੇਣਾ ਸ਼ੁਰੂ ਕੀਤਾ ਅਤੇ 1986 ਵਿਚ ਬਾਬਾ ਬਾਲਕ ਨਾਥ ਦਾ ‘ਮੰਦਿਰ’ ਸਥਾਪਿਤ ਕੀਤਾ। ਕੇਸ ਦੀ ਸੁਣਵਾਈ ਜਾਰੀ ਹੈ।ਮੰਦਰ ਬਾਬਾ ਬਾਲਕ ਨਾਥ ਅਤੇ ਰਜਿੰਦਰ ਕਾਲੀਆ ਦਾ ਪੱਖ ਜਾਨਣ ਲਈ ਫੋਨ ਕੀਤਾ ਤਾਂ ਫੋਨ ਚੁੱਕਣ ਵਾਲੀ ਬੀਬੀ ਨੇ ਨੋ ਕੁਮੈਂਟ ਆਖ ਕੇ ਫੋਨ ਬੰਦ ਕਰ ਦਿੱਤਾ ।


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate


ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਭ ਤੋਂ ਵੱਧ ਸੋਨਾ ਰੱਖਣ ਵਾਲੇ ਚੋਟੀ ਦੇ 10 ਦੇਸ਼ਾਂ ਦੀ ਸੂਚੀ ਵਿਚ ਹੈ ਭਾਰਤ ਦਾ ਨੌਵਾਂ ਰੈਂਕ

ਦਿੱਲੀ : ਸੋਨੇ ਦਾ ਭੰਡਾਰ ਕਿਸੇ ਵੀ ਦੇਸ਼ ਲਈ ਮਹੱਤਵਪੂਰਨ ਜਾਇਦਾਦ ਹੁੰਦਾ ਹੈ ਕਿਉਂਕਿ ਇਹ ਆਰਥਿਕ ਸੰਕਟ ਦੌਰਾਨ ਆਰਥਿਕ ਸਥਿਤੀ ਬਚਾਉਣ ਵਿੱਚ ਮਦਦ ਕਰਦਾ ਹੈ। ਹਾਲ ਹੀ ਵਿੱਚ, ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਬ੍ਰਿਟੇਨ ਤੋਂ 100 ਟਨ ਤੋਂ ਵੱਧ ਸੋਨਾ ਵਾਪਸ ਦੇਸ਼ ਲਿਆਂਦਾ ਹੈ।

ਵਰਲਡ ਆਫ ਸਟੈਟਿਸਟਿਕਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ'ਤੇ ਦੁਨੀਆ ਦੇ ਉਨ੍ਹਾਂ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਕੋਲ ਸਭ ਤੋਂ ਵੱਧ ਸੋਨੇ ਦਾ ਭੰਡਾਰ ਹੈ। ਇਸ ਸੂਚੀ ਵਿੱਚ ਟਾਪ-10 ਦੇਸ਼ਾਂ ਵਿੱਚ ਅਮਰੀਕਾ, ਜਰਮਨੀ, ਇਟਲੀ, ਫਰਾਂਸ, ਰੂਸ, ਚੀਨ, ਸਵਿਟਜ਼ਰਲੈਂਡ, ਜਾਪਾਨ, ਭਾਰਤ ਅਤੇ ਨੀਦਰਲੈਂਡ ਸ਼ਾਮਲ ਹਨ।

ਅੰਕੜਿਆਂ ਦੀ ਵਿਸ਼ਵ ਸੂਚੀ ਵਿੱਚ, ਅਮਰੀਕਾ 8,133 ਟਨ ਦੇ ਸੋਨੇ ਦੇ ਭੰਡਾਰ ਨਾਲ ਪਹਿਲੇ ਸਥਾਨ 'ਤੇ ਹੈ ਜਦੋਂ ਕਿ ਜਰਮਨੀ ਕੋਲ 3,353 ਟਨ ਸੋਨਾ ਭੰਡਾਰ ਹੈ। ਇਸ ਤਰ੍ਹਾਂ ਜਰਮਨੀ ਸੋਨੇ ਦੇ ਭੰਡਾਰ ਦੇ ਮਾਮਲੇ ਵਿਚ ਦੂਜੇ ਸਥਾਨ 'ਤੇ ਹੈ। ਇਸ ਸੂਚੀ ਵਿਚ ਇਟਲੀ 2,452 ਟਨ ਸੋਨੇ ਦੇ ਭੰਡਾਰ ਨਾਲ ਤੀਜੇ ਸਥਾਨ 'ਤੇ ਹੈ ਅਤੇ ਫਰਾਂਸ 2,437 ਟਨ ਸੋਨੇ ਦੇ ਭੰਡਾਰ ਨਾਲ ਚੌਥੇ ਸਥਾਨ 'ਤੇ ਹੈ। ਵਰਤਮਾਨ ਵਿੱਚ, ਰੂਸ ਸੋਨੇ ਦੇ ਭੰਡਾਰ ਦੇ ਮਾਮਲੇ ਵਿੱਚ ਪੰਜਵੇਂ ਸਥਾਨ 'ਤੇ ਹੈ ਅਤੇ ਉਸ ਕੋਲ 2,333 ਟਨ ਸੋਨਾ ਭੰਡਾਰ ਹੈ, ਇਸ ਸੂਚੀ ਵਿੱਚ ਭਾਰਤ ਦਾ ਨਾਮ 9ਵੇਂ ਸਥਾਨ 'ਤੇ ਹੈ, ਜਦਕਿ ਨੀਦਰਲੈਂਡ 10ਵੇਂ ਸਥਾਨ 'ਤੇ ਹੈ।


T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

PACIFIC NURSERIES
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September
*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September
ONLY FOR WHOLESALERS
TO BOOK YOUR ORDER CONTACT:
778-552-0305

# ਕੀ ਪ੍ਰੋਫੈਸਰ ਚੰਦੂਮਾਜਰਾ ਅਕਾਲ ਤਖਤ ਉੱਪਰ ਹਮਲਾਵਰ ਰਿਹਾ?

## ਬਰਨਾਲਾ ਸਰਕਾਰ ਵੇਲੇ ਅਕਾਲ ਤਖਤ ਸਾਹਿਬ ਉੱਪਰ ਦਮਦਮੀ ਟਕਸਾਲ ਕਾਰ ਸੇਵਾ ਕਰਨ ਲਈ ਉੱਥੇ ਮੌਜੂਦ ਸੀ

26 ਜਨਵਰੀ 1986 ਨੂੰ ਅਕਾਲ ਤਖਤ ਸਾਹਿਬ ਵਿਖੇ ਕਾਰ ਸੇਵਾ ਸ਼ੁਰੂ ਹੋਣੀ ਸੀ ਕਿਉਂਕਿ ਖਾਲਸਾ ਪੰਥ ਨੇ ਫੌਜੀ ਹਮਲੇ ਸਮੇਂ ਤਬਾਹ ਕੀਤੇ ਅਕਾਲ ਤਖਤ ਦੀ ਸਰਕਾਰੀ ਮੁਰੰਮਤ ਮਨਜੂਰ ਨਹੀਂ ਕੀਤੀ। ਯਾਦ ਰਹੇ ਕਿ ਸਾਲ 1984 ਵਿੱਚ ਫੌਜੀ ਹਮਲੇ ਬਨਾਮ ਨੀਲਾ ਤਾਰਾ ਤੋਂ ਬਾਅਦ ਅਕਾਲ ਤਖ਼ਤ ਦੀ ਇਮਾਰਤ ਦਾ ਭਾਰੀ ਨੁਕਸਾਨ ਹੋਇਆ ਸੀ। ਬਾਅਦ ਵਿੱਚ ਭਾਰਤ ਸਰਕਾਰ ਵਲੋਂ ਇਸ ਦੀ ਮੁਰੰਮਤ ਕਰਵਾਈ ਗਈ। ਉਸ ਵੇਲੇ ਦੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਬੁੱਢਾ ਦਲ ਦੇ ਸੰਤਾ ਸਿੰਘ ਵੱਲੋਂ ਇਸ ਦੀ ਜਿੰਮੇਦਾਰੀ ਲਈ ਗਈ ਸੀ।

ਸਰਕਾਰੀ ਸਹਾਇਤਾ ਨਾਲ ਬਣੀ ਇਸੇ ਇਮਾਰਤ ਨੂੰ ਸਿੱਖ ਪੰਥ ਵੱਲੋਂ ਨਾ ਮਨਜ਼ੂਰ ਕਰ ਦਿੱਤਾ ਗਿਆ ਅਤੇ 1986 ਵਿੱਚ ਸਰਬੱਤ ਖਾਲਸਾ ਬੁਲਾਉਣ ਤੋਂ ਬਾਅਦ ਇਸ ਨੂੰ ਤੋੜਨ ਦਾ ਤੇ ਨਵੀਂ ਉਸਾਰੀ ਦਾ ਫੈਸਲਾ ਕੀਤਾ ਗਿਆ। ਸੰਤਾ ਸਿੰਘ ਨੂੰ ਸਿੱਖ ਪੰਥ ਵਿੱਚੋਂ ਛੇਕ ਕੇ 'ਤਨਖਾਹੀਆ' ਕਰਾਰ ਦਿੱਤਾ ਗਿਆ। 19 ਜਨਵਰੀ 1986 ਨੂੰ ਬਰਨਾਲਾ ਸਰਕਾਰ ਦੇ ਵਜੀਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੇ ਸਾਥੀਆਂ ਨਾਲ ਅਕਾਲ ਤਖਤ ਨੂੰ ਘੇਰਾ ਪਾ ਲਿਆ ਅਤੇ ਹਵਾਈ ਫਾਇਰਿੰਗ ਸ਼ੁਰੂ ਕਰ ਦਿਤੀ। 200 ਰੌਂਦ ਚਲਾਏ। ਦਮਦਮੀ ਟਕਸਾਲ ਨੇ ਦੋਸ਼ ਲਗਾਏ ਸਨ ਕਿ ਕਾਰ ਸੇਵਾ ਵਾਲੀ ਗੋਲਕ ਲੁਟੀ ਗਈ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਉਸ ਸਮੇਂ ਦੇ ਪ੍ਰਧਾਨ ਹਰਿੰਦਰ ਸਿੰਘ ਕਾਹਲੋਂ ਦਸਦੇ ਹਨ ਕਿ ਸਾਡੇ ਕੁਝ ਫੈਡਰੇਸ਼ਨ ਦੇ ਸਾਥੀ ਜਖਮੀ ਹੋ ਗਏ। ਚੰਦੂਮਾਜਰਾ ਦੇ ਸਾਥੀਆਂ ਨੇ ਅਖੰਡ ਪਾਠ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਫੈਡਰੇਸ਼ਨ ਦੇ ਸਿੰਘਾਂ ਨੇ ਇਸ ਗਿਰੋਹ ਨੂੰ ਖਦੇੜ ਦਿਤਾ। ਗਗਨਦੀਪ ਸਿੰਘ ਬਰਨਾਲਾ ਵੀ ਇਹਨਾਂ ਨਾਲ ਸੀ। ਇਹ ਰਾਈਫਲਾਂ ਛਡਕੇ ਭਜ ਆਏ ਸਨ। ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਨੇ ਵਾਪਸ ਦਿਵਾਈਆਂ ਸਨ ਜੋ ਦਮਦਮੀ ਟਕਸਾਲ ਦੇ ਨੇੜੇ ਸਨ। ਇਸ ਦੀ ਚਰਚਾ ਹਰਿੰਦਰ ਸਿੰਘ ਕਾਹਲੋਂ, ਭਾਈ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ ਨੇ ਕੀਤੀ ਸੀ। ਭਾਈ ਮੋਹਕਮ ਸਿੰਘ, ਹਰਿੰਦਰ ਸਿੰਘ ਕਾਹਲੋ, ਭਾਈ ਅਜਾਇਬ ਸਿੰਘ ਅਭਿਆਸੀ ਦਮਦਮੀ ਟਕਸਾਲ ,ਪ੍ਰੋਫੈਸਰ ਦਰਸ਼ਨ ਸਿੰਘ ਇਨ੍ਹਾਂ ਘਟਨਾਵਾਂ ਦੇ ਗਵਾਹ ਹਨ। ਸੁਆਲ ਇਹ ਹੈ ਕਿ ਕੀ ਚੰਦੂਮਾਜਰਾ ਤੇ ਬਰਨਾਲਾ ਪਰਿਵਾਰ ਵਲੋਂ ਅਕਾਲ ਤਖਤ ਸਾਹਿਬ ਅਗੇ ਪੇਸ਼ ਹੋਕੇ ਇਸ ਘਟਨਾ ਦੀ ਮਾਫੀ ਮੰਗੀ ਗਈ? ਜਾਂ ਇਸ ਘਟਨਾ ਦਾ ਸਪਸ਼ਟੀਕਰਨ ਦਿਤਾ ਗਿਆ। ਇਸ ਬਾਰੇ ਮੇਰੇ ਨਾਲ ਤਾਜ਼ਾ ਇੰਟਰਵਿਊ ਵਿਚ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਘਟਨਾ ਇਤਿਹਾਸਕ ਸਚ ਹੈ। ਉਸ ਸਮੇਂ ਅਕਾਲ ਤਖਤ ਸਾਹਿਬ ਦੇ ਦੋ ਨਿਸ਼ਾਨ ਸਾਹਿਬ ਦੇ ਨੇੜੇ ਬਰਾਡੇ ਵਿਚ ਪੰਜਵਾਂ ਅਖੰਡ ਪਾਠ ਚਲ ਰਿਹਾ ਸੀ। ਬਰਾਂਡਾ ਚਿਟੇ ਪਰਦਿਆਂ ਨਾਲ ਢਕਿਆ ਹੋਇਆ ਸੀ। ਭਾਈ ਲਖਾ ਸਿੰਘ ਦਮਦਮੀ ਟਕਸਾਲ ਪਾਠ ਕਰ ਰਹੇ ਸਨ। ਇਹਨਾਂ ਅਨਸਰਾਂ ਨੇ ਅਖੰਡ ਪਾਠ ਦੀ ਮਰਿਆਦਾ ਭੰਗ ਕਰਨ ਦੀ ਕੋਸ਼ਿਸ਼ ਕੀਤੀ। ਪਰ ਦਮਦਮੀ ਟਕਸਾਲ ਤੇ ਫੈਡਰੇਸ਼ਨ ਦੇ ਸਿੰਘਾਂ ਨੇ ਇਸ ਨੂੰ ਖਦੇੜ ਦਿਤਾ। ਅਸੀਂ ਇਹਨਾਂ ਦੀਆਂ 16 ਰਾਈਫਲਾਂ ਖੋਹੀਆਂ। ਇਕ ਗੰਨ ਸੁਰਜੀਤ ਸਿੰਘ ਬਰਨਾਲੇ ਦੇ ਨਾਮ ਸੀ। ਅਬਿਨਾਸ਼ੀ ਸਿੰਘ ,ਬਲਦੇਵ ਸਿੰਘ ਬਰਨਾਲੇ ਦੀ ਰਾਈਫਲ ਮੰਗਣ ਆ ਗਏ। ਅਸੀਂ ਦੇਣ ਤੋਂ ਇਨਕਾਰ ਕਰ ਦਿਤਾ। ਅਸੀਂ ਇਹ ਰਾਈਫਲ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪੂਰਨ ਸਿੰਘ ਨੂੰ ਸੌਂਪ ਦਿਤੀ। ਗਿਆਨੀ ਪੂਰਨ ਸਿੰਘ ਕੋਲੋਂ ਪੁਲਿਸ ਲੈ ਗਈ। ਸ਼ਾਮ ਦੌਰਾਨ ਬੀਬੀ ਬਿਮਲ ਕੌਰ ਖਾਲਸਾ ਦੀ ਅਗਵਾਈ ਵਿਚ ਵੱਡਾ ਜਥਾ ਅਕਾਲ ਤਖਤ ਸਾਹਿਬ ਪਹੁੰਚ ਗਿਆ।



-ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

# ਮੋਦੀ ਦੇ ਰੂਸ ਦੌਰੇ ਸਮੇਂ ਰੂਸ ਵੱਲੋਂ ਯੂਕਰੇਨ ਉਤੇ ਹਮਲਾ ਕਰਕੇ ਮਾਸੂਮ ਬੱਚਿਆਂ ਨੂੰ ਮਾਰ ਦੇਣ ਦੇ ਅਮਲ, ਵੱਡੀ ਬੇਇੱਜਤੀ ਦੇ ਤੁੱਲ:ਮਾਨ



ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):"ਜਦੋਂ ਇੰਡੀਆਂ ਦੇ ਵਜੀਰ ਏ ਆਜਮ ਸ੍ਰੀ ਨਰਿੰਦਰ ਮੋਦੀ ਰੂਸ ਦੌਰੇ ਤੇ ਗਏ ਹਨ, ਤਾਂ ਉਸੇ ਸਮੇ ਰੂਸ ਵੱਲੋ ਯੂਕਰੇਨ ਉਤੇ 101 ਮਜਾਇਲਾਂ ਨਾਲ ਹਮਲਾ ਕਰਕੇ ਮਾਸੂਮ ਬੱਚਿਆ ਨੂੰ ਇਕ ਹਸਤਪਾਲ ਵਿਚ ਵੱਡੀ ਗਿਣਤੀ ਵਿਚ ਮਾਰ ਦੇਣ ਅਤੇ ਮਨੁੱਖਤਾ ਦਾ ਘਾਣ ਕਰਨ ਦੇ ਅਮਲ ਜਿਥੇ ਨਿੰਦਣਯੋਗ ਹਨ, ਉਥੇ ਇੰਡੀਆਂ ਤੇ ਮੋਦੀ ਲਈ ਵੱਡੀ ਬੇਇੱਜਤੀ ਵਾਲੇ ਹਨ ਅਤੇ ਰੂਸ ਨੇ ਇੰਡੀਆਂ ਦੇ ਪ੍ਰਾਈਮ ਮਨਿਸਟਰ ਦੇ ਦੌਰੇ ਦੇ ਮਹੱਤਵ ਨੂੰ ਵੀ ਕੋਈ ਤਵੱਜੋ ਨਹੀ ਦਿੱਤੀ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ੍ਰੀ ਮੋਦੀ ਦੇ ਰੂਸ ਦੌਰੇ ਸਮੇ ਰੂਸ ਵੱਲੋ ਯੂਕਰੇਨ ਤੇ ਹਮਲਾ ਕਰਕੇ ਮਾਸੂਮ ਬੱਚਿਆਂ ਤੇ ਮਨੁੱਖਤਾ ਦਾ ਘਾਣ ਕਰਨ ਦੇ ਹੋਏ ਦੁੱਖਦਾਇਕ ਅਮਲਾਂ ਉਤੇ ਸ੍ਰੀ ਮੋਦੀ ਅਤੇ ਇੰਡੀਆ ਦੀ ਬੇਇੱਜਤੀ ਕਰਨਾ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋ ਰੂਸ ਨੇ ਇਹ ਵੱਡਾ ਮਨੁੱਖਤਾ ਵਿਰੋਧੀ ਕਾਰਾਂ ਕੀਤਾ ਹੈ, ਤਾ ਇੰਡੀਆਂ ਤੇ ਸ੍ਰੀ ਮੋਦੀ ਨੂੰ ਚਾਹੀਦਾ ਹੈ ਕਿ ਰੂਸ ਅਤੇ ਇੰਡੀਆ ਦੀ ਦੋਸਤੀ ਨੂੰ ਸੱਟ ਮਾਰਨ ਵਾਲੀ ਰੂਸ ਦੀ ਕਾਰਵਾਈ ਉਤੇ ਜੋਰਦਾਰ ਰੋਸ ਜਾਹਰ ਕਰਦੇ ਹੋਏ ਰੂਸ ਵਿਚ ਸਥਿਤ ਆਪਣੇ ਸਫੀਰ ਨੂੰ 2 ਮਹੀਨਿਆ ਲਈ ਵਾਪਸ ਬੁਲਾਕੇ ਰੂਸ ਨੂੰ ਕੀਤੀ ਇਸ ਗਲਤੀ ਦਾ ਅਹਿਸਾਸ ਕਰਵਾਉਣ। ਕਿਉਂਕਿ ਰੂਸ ਨੇ ਸ੍ਰੀ ਮੋਦੀ ਦੀ ਯਾਤਰਾ ਸਮੇਂ ਇਹ ਘਿਣੋਨਾ ਅਮਲ ਕਰਕੇ ਸ੍ਰੀ ਮੋਦੀ ਦੀ ਆਓ-ਭਗਤ ਕਰਨ ਵਿਚ ਵੱਡੀ ਨਮੋਸੀ ਪੈਦਾ ਕੀਤੀ ਹੈ ਜਿਸ ਨਾਲ ਸਮੁੱਚੇ ਸੰਸਾਰ ਵਿਚ ਵੱਡੇ ਦੁੱਖ ਨਾਲ ਅਫਸੋਸ ਕੀਤਾ ਗਿਆ ਹੈ।

## (ਮੁੱਖ ਪੰਨੇ ਦੀ ਬਾਕੀ)

ਦੁਆਰਾ ਉਨ੍ਹਾਂ ਦਾ ਐੱਮ.ਪੀ. ਵਜੋਂ ਦੁਬਾਰਾ ਚੁਣੇ ਜਾਣਾ ਬਹੁਤ ਸਨਮਾਨ ਦੀ ਗੱਲ ਹੈ। ਉਹਨਾਂ ਨੇ ਖ਼ਲਓਬ੍ਰੋਰ ਸਰਕਾਰ ਦੇ ਅਧੀਨ ਬਦਲਾਅ, ਏਕਤਾ ਅਤੇ ਤਰੱਕੀ ਲਈ ਵੋਟ ਦਿੱਤਾ, ਜੋ ਕਿ ਮੈਂ ਉਨ੍ਹਾਂ ਨੂੰ ਪ੍ਰਦਾਨ ਕਰਨ ਲਈ ਸਖ਼ਤ ਮਿਹਨਤ ਕਰਾਂਗਾ। ਉਨ੍ਹਾਂ ਸਾਰਿਆਂ ਲਈ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੇ ਯਤਨਾਂ ਅਤੇ ਟੀਮ ਵਰਕ ਨੇ ਇਹ ਸੰਭਵ ਕੀਤਾ ਹੈ। ਪ੍ਰੀਤ ਕੌਰ ਗਿੱਲ ਨੇ ਵੀ ਐਕਸ 'ਤੇ ਲਿਖਿਆ, ਬਰਮਿੰਘਮ ਐਜਬੈਸਟਨ ਲਈ ਐੱਮ. ਪੀ. ਵਜੋਂ ਦੁਬਾਰਾ ਚੁਣੇ ਜਾਣਾ ਇੱਕ ਸਨਮਾਨ ਅਤੇ ਖੁਸ਼ਕਿਸਮਤੀ ਹੈ। ਉਨ੍ਹਾਂ ਸਾਰਿਆਂ ਦਾ ਧੰਨਵਾਦ ਜਿਨ੍ਹਾਂ ਨੇ ਮੇਰੇ 'ਤੇ ਭਰੋਸਾ ਕੀਤਾ। ਮੈਂ ਉਨ੍ਹਾਂ ਲੋਕਾਂ ਅਤੇ ਜਗ੍ਹਾ ਦੀ ਸੇਵਾ ਕਰਨਾ ਜਾਰੀ ਰੱਖਾਂਗੀ ਅਤੇ ਜਿਨ੍ਹਾਂ ਨਾਲ ਮੈਂ ਪਿਆਰ ਕਰਦੀ ਹਾਂ। ਕਿਰਿਥ ਐਂਟਵਿਸਟਲ, ਜਿਸ ਨੂੰ ਕਿਰਿਥ ਆਹਲੂਵਾਲੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, 16,000 ਤੋਂ ਵੱਧ ਵੋਟਾਂ ਨਾਲ ਬੋਲਟਨ ਨਾਰਥ ਈਸਟ ਲਈ ਪਹਿਲੀ ਮਹਿਲਾ ਸੰਸਦ ਮੈਂਬਰ ਬਣੀ। ਸੋਨੀਆ ਕੁਮਾਰ ਡਡਲੇ ਸੰਸਦੀ ਸੀਟ ਤੋਂ ਪਹਿਲੀ ਮਹਿਲਾ ਸੰਸਦ ਮੈਂਬਰ ਵੀ ਹੈ। ਇਸੇ ਤਰ੍ਹਾਂ ਹਰਪ੍ਰੀਤ ਕੌਰ ਉੱਪਲ ਹਡਰਸਫੀਲਡ ਸੰਸਦੀ ਸੀਟ ਜਿੱਤ ਕੇ ਪਹਿਲੀ ਵਾਰ ਸੰਸਦ ਵਿੱਚ ਦਾਖ਼ਲ ਹੋਵੇਗੀ। ਲੇਬਰ ਪਾਰਟੀ ਦੀ ਸਤਵੀਰ ਕੌਰ ਨੇ ਸਾਊਥੈਂਪਟਨ ਟੈਸਟ ਸੀਟ ਤੋਂ 15,945 ਵੋਟਾਂ ਨਾਲ ਜਿੱਤ ਦਰਜ ਕੀਤੀ, ਜਦਕਿ ਵੁਲਵਰਹੈਂਪਟਨ ਵੈਸਟ ਸੰਸਦੀ ਸੀਟ ਤੋਂ ਵਰਿੰਦਰ ਜੱਸ 8,000 ਵੋਟਾਂ ਨਾਲ ਜਿੱਤ ਕੇ ਪਹਿਲੀ ਵਾਰ ਸੰਸਦ ਵਿਚ ਦਾਖ਼ਲ ਹੋਏ। ਡਾਕਟਰ ਜੀਵਨ ਸੰਧਰ ਅਤੇ ਜਸ ਅਠਵਾਲ ਕ੍ਰਮਵਾਰ ਲੌਫਬਰੋ ਅਤੇ ਇਲਫੋਰਡ ਸਾਊਥ ਪਾਰਲੀਮੈਂਟ ਸੀਟਾਂ ਤੋਂ ਜਿੱਤੇ ਹਨ। ਗੁਰਿੰਦਰ ਸਿੰਘ ਜੋਸਨ ਨੇ ਸਮੈਥਵਿਕ ਨੂੰ ਜਿੱਤ ਕੇ ਪਹਿਲੀ ਵਾਰ ਐੱਮ. ਪੀ. ਬਣੇ। ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਵਿਰੋਧੀ ਧਿਰ ਵਿਚ ਰਹਿਣ ਤੋਂ ਬਾਅਦ ਬ੍ਰਿਟੇਨ ਦੀ ਲੇਬਰ ਪਾਰਟੀ ਇੱਕ ਖੜੋਤ ਵਾਲੀ ਆਰਥਿਕਤਾ ਅਤੇ ਨਿਰਾਸ਼ ਰਾਸ਼ਟਰ ਵਿਚਕਾਰ ਸੱਤਾ ਵਿਚ ਆਈ ਹੈ। ਹੁਣ ਤੱਕ ਲੇਬਰ ਨੇ 650 ਸੀਟਾਂ ਵਾਲੇ ਹਾਊਸ ਆਫ ਕਾਮਨਜ਼ 'ਚ 410 ਅਤੇ ਕੰਜ਼ਰਵੇਟਿਵਾਂ ਨੇ 118 ਸੀਟਾਂ ਜਿੱਤੀਆਂ ਹਨ।




DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca


.Ck Auto.
CK AUTO SERVICES LTD.
«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing
AUTO REPAIR SERVICES
-REASONABLE RATES
-EXPERIENCED -QUALITY WORK
.Ck Auto.
TARSHOTAM BIRAN
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED


PUNJAB Dock & Door Services Ltd.
Services We Provide
*Garage Door / Garage Door Opener
*Overhead Door *Dock Leveler
*High Speed Doors *Truck Restraints
*Dock Bumper *Door Seals
*Dock Shelters *Commercial Opener
*Man Doors *Pedestrian Door
*Fork Lift Repair *Pest Controls
*Residential Doors *Security Gates
*Freezer Door *Rubber Door
*Fire Doors *Impact Doors
*Truck Restraints *Welding & Fabrication
*Electrical Service *Weather Stripping
*Gate Operator *Steel Rollup Doors
ਅਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ
*ਗਰਾਜ ਡੋਰ/ਗਰਾਜ ਡੋਰ ਓਪਨਰ *ਓਵਰਹੈੱਡ ਡੋਰ *ਡੌਕ ਲੈਵਲਰ *ਹਾਈ ਸਪੀਡ ਡੋਰ
*ਟਰੱਕ ਰੈਸਟਰੇਂਟਸ *ਡੌਕ ਬੰਪਰ *ਡੋਰ ਸੀਲਾਂ *ਡੌਕ ਸ਼ੈਲਟਰਜ *ਕਮਰਸ਼ੀਅਲ ਓਪਨਰ
*ਮੈਨ ਡੋਰਾਂ *ਪੈਡੈਸਟਰੀਅਨ ਡੋਰ *ਫੋਰਕ ਲਿਫਰ ਰਿਪੇਅਰ *ਪੈਸਟ ਕੰਟਰੋਲ *ਰੈਜੀਡੈਂਸ਼ੀਅਲ ਡੋਰ
*ਵੈਲਡਿੰਗ * ਫੈਬਰੀਕੇਸ਼ਨ *ਇਲੈਕਟ੍ਰੀਕਲ ਸਰਵਿਸ *ਗੇਟ ਓਪਨਰ *ਸਟੀਲ ਰੋਲ ਅੱਪ ਡੋਰ
*ਫਰੀਜਰ ਡੋਰ *ਰਬੜ ਡੋਰ *ਫਾਇਰ ਡੋਰ *ਇੰਪੈਕਟ ਡੋਰ *ਟਰੱਕ ਰੀਸਟਰੇਂਟਸ *ਸਕਿਓਰਟੀ ਗੇਟ
FREE ESTIMATE
ਪੰਜਾਬੀ ਵਿਚ ਗੱਲਬਾਤ ਕਰਨ ਲਈ ਫੋਨ ਕਰੋ
604-603-9170
Ph:778-522-6490
Email:randeepgrewal99@gmail.com

www.deltondentures.com

**DELTON DENTURE CLINIC LTD.**

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ


WE ARE DENTURISTS

CONSUMER CHOICE AWARD 2018 VANCOUVER

Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**

**BSc., R.D.**

Mon-Fri: 9am-5pm, Saturdays By Appointment

**Scott 72 Shopping Centre**

#209- 7313-120th St., Delta ( Above London Drugs & Staples )

**604.590.1111**



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ

• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ

ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ

For your family.. healthy beautiful smiles!



ਸੇਵਾਵਾਂ :

- ਜਾੜ ਭਰਨੀ
- ਦੰਦ ਕੱਢਣੇ
- ਕਰਾਊਨ ਤੇ ਬ੍ਰਿਜ
- ਡਿਜੀਟਲ ਐਕਸਰੇ
- ਵਾਈਟ ਫਿਲਿੰਗਸ
- ਦੰਦਾਂ ਦੀ ਸਫਾਈ ਅਤੇ ਚੈੱਕਅੱਪ

SERVICES:

- Extractions
- White Fillings
- Root Canals
- Crown & Bridge
- Digital X-Rays
- Teeth Cleaning & Checkup

- All Major Insurance Plans Accepted
- Punjabi, Hindi, Urdu Spoken
- New Patients Welcome

Evening & Weekend Appointment Available

Practising For Over 10 Years

ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ

EVERSHINE DENTISTRY

**EVERSHINE**

FAMILY DENTISTRY

ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ




**604.593.6515**

#111 - 7130 120th Street, Surrey, BC

Near Guru Nanak Sikh Gurdwara

Ground Floor of Satnam Plaza

(FREE AMPLE PARKING)



**Dr. Anjanpal Kaur Bhalla**

www.evershinedental.ca

ਡਾ. ਅੰਜਨਪਾਲ ਕੌਰ ਭੱਲਾ



**ਅਜਿਹੀ ਸਿਹਤ ਸਲਾਹ ਲਈ,**
**ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ,**
**HealthLinkBC.ca 'ਤੇ ਜਾਓ।**

ਜੇ ਤੁਹਾਡੇ ਕੋਈ ਸਵਾਲ ਹਨ, ਤੁਸੀਂ ਆਪਣੇ ਲੱਛਣਾਂ ਦੀ ਜਾਂਚ ਕਰਨ ਅਤੇ ਭਰੋਸੇਯੋਗ ਸਿਹਤ ਜਾਣਕਾਰੀ ਪ੍ਰਾਪਤ ਕਰਨ ਲਈ HealthLinkBC.ca 'ਤੇ ਜਾ ਸਕਦੇ ਹੋ। ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨ ਲਈ, 24/7, 8-1-1 'ਤੇ ਫੋਨ ਕਰੋ।


**HealthLinkBC.ca 'ਤੇ ਵਧੇਰੇ ਦੇਖਭਾਲ ਲਈ ਜੁੜੋ**




BRITISH COLUMBIA




# ਪੰਜਾਬੀ ਵਿਰਸੇ ਨਾਲ ਸਬੰਧਤ ਚੀਜਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ



# LIVE CATERING

## ਸੋਨੇ ਅਤੇ ਚਾਂਦੀ ਦੇ ਡਰਾਅ ਕੱਢੇ ਜਾਣਗੇ, Baskets ਦੇ ਡਰਾਅ ਵੀ ਕੱਢੇ ਜਾਣਗੇ


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
•Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
